Roll No. ........................

(07/22-II)

# 18512

## M. A. EXAMINATION

(Second Semester)

(For Regular Batch 2021 & Onwards)

PUNJABI

MA/PUN/2/CC6

Punjbi te Pechhmi Sahit ate Punjabi Alochna

*Time : Three Hours* *Maximum Marks : 70*

ਨੋਟ: ਪ੍ਰਸ਼ਨ ਪੱਤਰ ਦੇ ਭਾਗ ਪਹਿਲਾ ਵਿੱਚ ਦਿੱਤੇ ਸਾਰੇ ਪ੍ਰਸ਼ਨਾਂ ਦਾ ਉੱਤਰ ਘੱਟ ਤੋਂ ਘੱਟ ਇੱਕ ਪੰਨੇ ਵਿੱਚ ਲਿਖੋ। ਬਾਕੀ ਦੇ ਚਾਰ ਭਾਗਾਂ ਵਿੱਚੋਂ ਹਰ ਇੱਕ ਵਿੱਚੋ ਇੱਕ ਪ੍ਰਸ਼ਨ ਦਾ ਵਿਸਤਾਰ ਵਿੱਚ ਉੱਤਰ ਦਿਉ। ਪਹਿਲਾ ਭਾਗ 10 ਅੰਕਾਂ ਦਾ ਹੈ ਅਤੇ ਬਾਕੀ 4 ਪ੍ਰਸ਼ਨ 15-15 ਅੰਕਾਂ ਦੇ ਹਨ।

ਭਾਗ ਪਹਿਲਾ:

1. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਦਿਉ;

ੳ) ਸਾਹਿਤ ਅਤੇ ਰਾਜਨੀਤੀ ਦੇ ਸੰਬੰਧਾਂ ਬਾਰੇ ਇੱਕ ਸੰਖੇਪ ਪੈਰਾ ਲਿਖੋ।

ਅ) ਰੋਮਾਂਸਵਾਦ ਅਤੇ ਯਥਾਰਥਵਾਦ ਦੇ ਅੰਤਰ ਨੂੰ ਸਪਸ਼ਟ ਕਰੋ।

ੲ) ਸੰਰਚਨਾਵਾਦ ਅਤੇ ਚਿਹਨ-ਵਿਗਿਆਨ ਦੇ ਆਪਸੀ ਸੰਬੰਧਾਂ ਨੂੰ ਸਪਸ਼ਟ ਕਰੋ।

ਸ) ਕਵਿਤਾ ਅਤੇ ਸਮਾਜਿਕ ਆਲੋਚਨਾ ਲੇਖ ਵਿੱਚ ਸੰਤ ਸਿੰਘ ਸੇਖੋਂ ਦੀ ਮੂਲ ਸਥਾਪਨਾ ਕੀ ਹੈ?

ਹ) ਡਾ. ਹਰਿਭਜਨ ਸਿੰਘ ਦੇ ਲੇਖ 'ਪੰਜਾਬੀ ਨਾਵਲ: ਰੂਪ ਰਚਨਾ' ਵਿੱਚ ਪੰਜਾਬੀ ਨਾਵਲ ਬਾਰੇ ਦਿੱਤੀਆਂ ਗਈਆਂ ਦੋ ਮੁੱਖ ਸਥਾਪਨਾਵਾਂ ਬਾਰੇ ਦੱਸੋ।

ਭਾਗ ਦੂਜਾ:

2. ਸਾਹਿਤ ਅਤੇ ਮਨੋਵਿਗਿਆਨ ਦੇ ਸੰਬੰਧਾਂ ਬਾਰੇ ਵਿਸਤਾਰ ਵਿੱਚ ਚਰਚਾ ਕਰੋ।
3. ਕੀ ਸਾਹਿਤ ਵਿਚਾਰਧਾਰਾ ਤੋਂ ਮੁਕਤ ਹੋ ਸਕਦਾ ਹੈ? ਇਸ ਬਾਰੇ ਆਪਣਾ ਮਤ ਦਲੀਲਾਂ ਅਤੇ ਹਵਾਲਿਆਂ ਸਹਿਤ ਪੇਸ਼ ਕਰੋ।

ਭਾਗ ਤੀਜਾ:

4. ਪ੍ਰਗਤੀ ਦੇ ਸੰਕਲਪ ਨੂੰ ਸਪਸ਼ਟ ਕਰਦਿਆਂ ਪ੍ਰਗਤੀਵਾਦੀ ਦ੍ਰਿਸ਼ਟੀ ਤੋਂ ਸਾਹਿਤ ਦੇ ਮੰਤਵ ਬਾਰੇ ਪੇਸ਼ ਸਥਾਪਨਾਵਾਂ ਦਾ ਆਲੋਚਨਾਤਮਕ ਮੁਲਾਂਕਣ ਕਰੋ।

5. ਅਸਤਿਤਵਵਾਦ ਕੀ ਹੈ? ਮੁੱਖ ਅਸਤਿਤਵਵਾਦੀ ਚਿੰਤਕਾਂ ਦੇ ਹਵਾਲੇ ਨਾਲ ਅਸਤਿਤਵਾਦੀ ਚਿੰਤਨ ਦੀਆਂ ਸਥਾਪਨਾਵਾਂ ਤੋਂ ਜਾਣੂੰ ਕਰਵਾਉ।

ਭਾਗ ਚੌਥਾ:

6. ਉੱਤਰ-ਆਧੁਨਿਕਤਾ ਕੀ ਹੈ? ਉੱਤਰ-ਆਧੁਨਿਕ ਸਾਹਿਤ ਸਿਧਾਂਤ ਅਨੁਸਾਰ ਅਜੋਕੇ ਸੰਸਾਰ ਵਿੱਚ ਰਚੇ ਜਾ ਰਹੇ ਸਾਹਿਤ ਦੀਆਂ ਕੀ ਵਿਲੱਖਣਤਾਵਾਂ ਹਨ?

7. ਨਾਰੀਵਾਦ ਤੋਂ ਤੁਹਾਡਾ ਕੀ ਭਾਵ ਹੈ? ਨਾਰੀਵਾਦ ਦੇ ਆਰੰਭ ਅਤੇ ਵਿਕਾਸ ਉੱਤੇ ਰੌਸ਼ਨੀ ਪਾਉ।

ਭਾਗ ਪੰਜਵਾਂ

8. ਪ੍ਰੋ. ਕਿਸ਼ਨ ਸਿੰਘ ਮੁਤਾਬਿਕ ਸਾਹਿਤਕਾਰ ਦੇ ਕੀ ਕਰਤਵ ਹੁੰਦੇ ਹਨ?

9. ਜੋਗਿੰਦਰ ਸਿੰਘ ਰਾਹੀ ਦੇ ਲੇਖ 'ਕਹਿਤ ਸੁਣਤ ਹੋ ਕਥਾ ਬਾਰਤਾ' ਵਿੱਚ ਬਿਰਤਾਂਤ ਤੇ ਕਥਾ ਬਾਰੇ ਕੀ ਧਾਰਣਾਵਾਂ ਪੇਸ਼ ਕੀਤੀਆਂ ਗਈਆਂ ਹਨ?

QUESTION BANK OF HARYANA